**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ**

ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ

( ਦਫਤਰੀ ਅਮਲਾ ਸਾਖਾ)

ਸੇਵਾ ਵਿਖੇ

1 ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ/ਐਸਿ)
ਪੰਜਾਬ।

2 ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ, ਪੰਜਾਬ ਰਾਜ।

3 ਸਮੂਹ ਪ੍ਰਿੰਸੀਪਲ ਡਾਇਟਸ, ਪੰਜਾਬ ਰਾਜ।

ਮੀਮੋ ਨੰ 13/167-2017 ਦ.ਅ (7) 61563

ਮਿਤੀ 17-02-2020

ਵਿਸ਼ਾ :- ਸਿੱਖਿਆ ਵਿਭਾਗ ਵਿੱਚ ਤਰਸ ਦੇ ਅਧਾਰ ਤੇ ਨਿਯੁਕਤ ਕੀਤੇ ਕਲਰਕਾਂ ਦਾ ਟਾਇਪ ਟੈਸਟ ਮੁੱਖ ਦਫਤਰ ਵਿਖੇ ਲੈਣ ਸਬੰਧੀ।

ਹਵਾਲਾ:- ਇਸ ਦਫਤਰ ਦੇ ਪੱ.ਨੰ.13/167-17 ਦ.ਅ. (7)7263ਮਿਤੀ27-09-2017 ਦੀ ਲਗਾਤਾਰਤਾ ਵਿੱਚ।

ਪੰਜਾਬ ਸਿੱਖਿਆ ਵਿਭਾਗ ਵਿੱਚ ਤਰਸ ਦੇ ਅਧਾਰ ਤੇ ਨਿਯੁਕਤ ਕੀਤੇ ਗਏ ਕਲਰਕਾਂ ਦੇ ਨਿਯੁਕਤੀ ਪੱਤਰਾਂ ਵਿੱਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇੱਕ ਸਾਲ ਦੇ ਅੰਦਰ ਅੰਦਰ ਟਾਇਪ ਟੈਸਟ ਪਾਸ ਕਰਨ ਦੀ ਸ਼ਰਤ ਲਗਾਈ ਜਾਂਦੀ ਹੈ। ਇਹ ਟਾਇਪ ਟੈਸਟ ਲੈਣ ਲਈ ਉਪਰੋਕਤ ਹਵਾਲਾ ਅਧੀਨ ਪੱਤਰ ਰਾਹੀਂ ਜਿਲਾ ਪੱਧਰ ਤੇ ਕਮੇਟੀਆਂ ਦਾ ਗਠਨ ਕਰਕੇ ਟਾਇਪ ਟੈਸਟ ਲੈਣ ਲਈ ਕਿਹਾ ਗਿਆ ਸੀ, ਪਰ ਹੁਣ ਇਸ ਮਾਮਲੇ ਤੇ ਮੁੜ ਵਿਚਾਰ ਕੀਤਾ ਗਿਆ ਹੈ ਅਤੇ ਇਹ ਫੈਸਲਾ ਲਿਆ ਗਿਆ ਹੈ ਕਿ ਤਰਸ ਦੇ ਅਧਾਰ ਤੇ ਨਿਯੁਕਤ ਹੋਏ ਅਜਿਹੇ ਕਲਰਕਾਂ ਦਾ ਟਾਇਪ ਟੈਸਟ ਜਿਨ੍ਹਾਂ ਦੇ ਨਿਯੁਕਤੀ ਪੱਤਰ ਵਿੱਚ ਟਾਇਪ ਟੈਸਟ ਪਾਸ ਕਰਨ ਦੀ ਸ਼ਰਤ ਲਗਾਈ ਗਈ ਹੈ, ਦਾ ਟਾਇਪ ਟੈਸਟ ਮੁੱਖ ਦਫਤਰ ਵਿਖੇ ਲਿਆ ਜਾਵੇ।

ਪੰਜਾਬ ਸਿੱਖਿਆ ਵਿਭਾਗ ਵਿੱਚ ਤਰਸ ਦੇ ਅਧਾਰ ਤੇ ਨਿਯੁਕਤ ਹੋਏ ਕਲਰਕਾਂ ਦਾ ਉਨ੍ਹਾਂ ਦੇ ਨਿਯੁਕਤੀ ਪੱਤਰਾਂ ਵਿੱਚ ਲੱਗੀ ਸ਼ਰਤ ਮੁਤਾਬਿਕ ਟਾਇਪ ਟੈਸਟ ਮਿਤੀ **07-03-2020** ਦਿਨ ਸ਼ਨੀਵਾਰ ਨੂੰ ਸਵੇਰੇ 09:00 ਵਜੇ ਦਫਤਰ ਡੀ. ਪੀ. ਆਈ (ਸੈਸਿ) ਪੰਜਾਬ, ਚੋਥੀ ਮੰਜ਼ਿਲ, ਫੇਜ਼-8, ਐਸ ਏ ਐਸ ਨਗਰ ਵਿਖੇ ਲਿਆ ਜਾਵੇਗਾ । ਜਿਹੜੇ ਕਲਰਕਾਂ ਨੇ ਇਹ ਟਾਇਪ ਟੈਸਟ ਦੇਣਾ ਹੈ ਉਹ ਆਪਣਾ ਨਾਮ ਵਿਭਾਗ ਦੇ **e-punjab school staff login.** ਤੇ ਮਿਤੀ **25-02-2020** ਤੱਕ ਦਰਜ ਕਰਨਗੇ, ਜਿਸ ਵਿੱਚ ਉਹ ਇਹ ਵੀ ਸ਼ਪਸਟ ਕਰਨਗੇ ਕਿ ਉਹਨਾਂ ਨੇ ਪੰਜਾਬੀ, ਜਾਂ ਅੰਗਰੇਜੀ ਦਾ ਟਾਇਪ ਟੈਸਟ ਦੇਣਾ ਹੈ ਜਾਂ ਦੋਵੇ ਹੀ ਟਾਇਪ ਟੈਸਟ ਦੇਣੇ ਹਨ। ਇਸ ਸਬੰਧੀ ਆਪਣੇ ਅਧੀਨ ਕੰਮ ਕਰਦੇ ਸਮੂਹ ਕਲਰਕਾਂ ਨੂੰ ਨੋਟ ਕਰਵਾ ਦਿੱਤਾ ਜਾਵੇ।

**ਨੋਟ :-** ਪੰਜਾਬੀ ਟਾਇਪ ਦਾ ਟੈਸਟ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਵੀ ਫੌਂਟ ਵਿੱਚ ਲਿਆ ਜਾਵੇਗਾ।

**ਡਿਪਟੀ ਡਾਇਰੈਕਟਰ (ਪ੍ਰਸ਼ਾਸਨ)**